**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ,**

**ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**

ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਮੋਹਾਲੀ, ਈ-ਮੇਲ : iedpunjabssa@gmail.com

---

ਵੱਲ

ਸਮੂਹ ਜ਼ਿਲ੍ਹਿਆ ਸਿੱਖਿਆ ਅਫਸਰ (ਐ.ਸਿੱ./ ਸੈ.ਸਿੱ.)
ਪੰਜਾਬ।

ਮੀਮੋ ਨੰ : ਆਈ.ਈ.ਡੀ./ਸਸਅ/2018/17436-79      ਮਿਤੀ : 24/05/18

ਵਿਸ਼ਾ :- **EDUSAT Network ਉੱਤੇ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਬੱਚਿਆਂ ਦੀ classroom inclusion ਲਈ ਮਿਤੀ 28.05.2018 ਨੂੰ ਦੋ ਘੰਟੇ ਦੀ ਟ੍ਰੇਨਿੰਗ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 28.05.2018 ਨੂੰ ਦੋਪਿਹਰ 12:00-2:00 ਵਜੇ ਤੱਕ ਐਜੂਸੈਟ ਨੈਟਵਰਕ ਰਾਹੀਂ ਐਜੂਸੈਟ ਦੀ ਸੁਵਿਧਾ ਵਾਲੇ ਸਕੂਲਾਂ ਵਿੱਚ ਦੋ ਘੰਟੇ ਦੀ ਟ੍ਰੇਨਿੰਗ ਦਿੱਤੀ ਜਾਵੇਗੀ।

3.0 <u>ਟ੍ਰੇਨਿੰਗ ਦਾ ਅਜੰਡਾ</u> :- ਇਸ ਟ੍ਰੇਨਿੰਗ ਵਿੱਚ 21 ਤਰ੍ਹਾਂ ਦੇ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਬੱਚਿਆਂ ਦੀ RPwD Act 2016 ਅਨੁਸਾਰ ਪਹਿਚਾਣ ਅਤੇ ਉਹਨਾਂ ਨੂੰ inclusive classroom ਵਿੱਚ ਬਾਕੀ ਬੱਚਿਆਂ ਨਾਲ ਹੀ ਬਿਠਾ ਕੇ ਪੜ੍ਹਾਉਣ ਦੀਆਂ ਵਿਧੀਆਂ ਬਾਰੇ ਦੱਸਿਆ ਜਾਵੇਗਾ। ਉਕਤ ਟ੍ਰੇਨਿੰਗ Samarthanam Trust for the Disabled, Bengaluru ਦੇ ਨੁਮਾਇੰਦੇ ਡਾ. ਅਨੁਪ੍ਰਿਯਾ ਚੱਢਾ ਵੱਲੋਂ ਦਿੱਤੀ ਜਾਵੇਗੀ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਸਕੂਲ ਮੁੱਖੀਆਂ (ਪ੍ਰਾਇਮਰੀ/ਮਿਡਲ/ਹਾਈ/ਸੀਨੀ.ਸੈਕੰ.) ਨੂੰ ਹਦਾਇਤ ਕੀਤੀ ਜਾਵੇ ਕਿ ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਅਧਿਆਪਕਾਂ ਦਾ ਸਕੂਲ ਦੇ ਐਜੂਸੈਟ ਜਾਂ ਨੇੜੇ ਦੇ ਸਕੂਲ ਦੇ ਐਜੂਸੈਟ ਰਾਹੀਂ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਪਰੰਤੂ ਇਹ ਧਿਆਨ ਰਹੇ ਕਿ ਹਰ ਸਕੂਲ ਵਿੱਚੋਂ ਘੱਟੋ-ਘੱਟ ਇੱਕ ਅਧਿਆਪਕ ਟ੍ਰੇਨਿੰਗ ਵਿੱਚ ਸਾਮਲ ਹੋਵੇ ਅਤੇ ਇੱਕ ਅਧਿਆਪਕ ਪਿੱਛੇ ਸਕੂਲ ਵਿੱਚ ਵੀ ਰਹੇ ਤਾਂ ਜੋ ਸਕੂਲ ਦੇ ਕੰਮ-ਕਾਜ ਵਿੱਚ ਵਿਘਨ ਨਾ ਪਵੇ।

5.0 ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਆਰ.ਓ.ਟੀ. ਚਾਲੂ ਹਾਲਤ ਵਿੱਚ ਰੱਖੀਆਂ ਜਾਣ, ਜੇਕਰ ਕਿਸੇ ਕਾਰਨ ਕਰਕੇ ਸਕੂਲ ਦੀ ਆਰ.ਓ.ਟੀ. ਚਾਲੂ ਹਾਲਤ ਵਿੱਚ ਨਹੀਂ ਹੈ ਤਾਂ ਅਜਿਹੇ ਸਕੂਲਾਂ ਦੇ ਅਧਿਆਪਕ ਆਪਣੇ ਨੇੜਲੇ ਸਕੂਲ ਦੇ ਐਜੂਸੈਟ ਰਾਹੀਂ ਇਹ ਟ੍ਰੇਨਿੰਗ ਅਟੈਂਡ ਕਰਨਗੇ।

Scanned by CamScanner

6.0 ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਅਧਿਆਪਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਅਤੇ (ਸੈ.ਸਿੱ.) ਪੂਰਣ ਆਪਸੀ ਤਾਲ-ਮੇਲ ਅਤੇ ਸਹਿਯੋਗ ਨਾਲ ਕੰਮ ਕਰਨਗੇ।

7.0 ਟ੍ਰੇਨਿੰਗ ਤੋਂ ਬਾਅਦ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਇਹ ਸੂਚਨਾ ਭੇਜਣਾ ਯਕੀਨੀ ਬਣਾਉਣਗੇ ਕਿ ਕਿੰਨੇ ਸਕੂਲਾਂ ਦੇ ਕਿੰਨੇ ਅਧਿਆਪਕਾਂ ਨੇ ਇਹ ਟ੍ਰੇਨਿੰਗ ਅਟੈਂਡ ਕੀਤੀ।

[signature]

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2018/ ਮਿਤੀ :

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਮਾਣਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਡਿਪਟੀ ਐਸ.ਪੀ.ਡੀ. (ਐਜੂਸੈਟ)।
3. ਸਮੂਹ ਸਕੂਲ ਮੁੱਖੀ, ਪੰਜਾਬ।

-ਸਹੀ-

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਦਫਤਰ ਜਿ.ਸਿ.ਅ.(ਸੈ.ਸਿ.) ਬਠਿੰਡਾ

ਪੱਤਰ ਨੰ.: ਰਮਸਅ/ਆਈ.ਈ.ਡੀ.ਐਸ.ਐਸ/2018-19/2096 ਮਿਤੀ: 25/05/2018

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ, ਸਕੂਲ ਮੁਖੀ, ਸਮਿਸ, ਸਹਸ, ਸਸਸਸ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਅਧਿਆਪਕਾਂ ਜਾਣਕਾਰੀ ਨੂੰ iedssbti11@gmail.com ਤੇ ਮਿਤੀ 29.05.2018 ਨੂੰ ਭੇਜਣੀ ਯਕੀਨੀ ਬਣਾਇਆ ਜਾਵੇ। ਅਗਰ ਕਿਸੇ ਸਕੂਲ ਦੇ ਅਧਿਆਪਕ ਵੱਲੋਂ ਟ੍ਰੇਨਿੰਗ ਨਹੀਂ ਲਗਾਈ ਜਾਂਦੀ ਤਾਂ ਉਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ/ਪ੍ਰਿੰਸੀਪਲ ਦੀ ਹੋਵੇਗੀ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

[signature] 25/5/18

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

[signature]
DSET (IEDSS)
25/5/18

Scanned by CamScanner

Scanned by CamScanner